To

.................................................

.................................................

.................................................

Ref:IKGPTU/MC-1/ 62 Dated: 09/03/2023

ਵਿਸ਼ਾ:- ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਮੋਹਾਲੀ ਕੈਂਪਸ-1 ਦੀ ਕੰਟੀਨ ਦੀ ਕਿਚਨ ਇੱਕ ਸਾਲ ਲਈ ਠੇਕੇ ਤੇ ਦੇਣ ਸਬੰਧੀ।

ਸ੍ਰੀਮਾਨ ਜੀ,

ਫਰਮ ਨਾਲ ਸ਼ਰਤਾਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੋਵਗਾ:-

1. ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਮੋਹਾਲੀ ਕੈਂਪਸ-1 ਵਿਖੇ ਮੌਜੂਦਾ ਬੀ.ਟੈਕ(ਕੰਪਿਊਟਰ ਸਾਇੰਸ) ਦੇ ਵਿਦਿਆਰਥੀਆਂ ਦੀ ਸੰਖਿਆ ਲਗਭਗ 170 ਤੋਂ 190 ਅਤੇ ਸਟਾਫ ਦੀ ਸੰਖਿਆ 35-40 ਦੇ ਕਰੀਬ ਹੈ। ਇਸ ਲਈ ਸਾਲ 2023-2024 ਲਈ ਕੰਟੀਨ ਦੀ ਕਿਚਨ ਦਾ ਕਿਰਾਏ ਅਨੁਸਾਰ ਫਰਮ ਪਾਸੋ 5493/-ਰੁਪਏ ਪ੍ਰਤੀ ਮਹੀਨੇ ਕਿਰਾਇਆ ਲਿਆ ਜਾਵੇਗਾ। ਕੰਟਰੈਕਟਰ ਵੱਲੋਂ ਕੰਟੀਨ ਦੀ ਕਿਚਨ ਦਾ ਠੇਕਾ ਲੈਣ ਸਮੇਂ 8000/-ਰੁਪਏ ਬਤੌਰ ਸਿਕਿਉਰਟੀ ਜਮ੍ਹਾ ਕਰਵਾਉਣਾ ਹੋਵੇਗਾ।

2. ਕੰਟੀਨ ਦੀ ਕਿਚਨ ਵਿਖੇ ਲੱਗੇ ਬਿਜਲੀ ਦੇ ਸਬ ਮੀਟਰ ਦੀ ਰੀਡਿੰਗ ਅਨੁਸਾਰ ਬਿਜਲੀ ਦਾ ਬਿਲ ਵਸੂਲ ਕੀਤਾ ਜਾਵੇਗਾ।

3. ਕੰਟੀਨ ਦੀ ਕਿਚਨ ਵਿੱਚ ਪਾਣੀ ਦੀ ਖਪਤ ਘੱਟ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ 50/-ਰੁਪਏ ਪ੍ਰਤੀ ਮਹੀਨਾ ਵਸੂਲ ਕੀਤਾ ਜਾਵੇਗਾ।

4. ਫਰਮ ਨੂੰ ਕੰਟੀਨ ਦੀ ਕਿਚਨ ਨਾਲ ਸਬੰਧਤ ਸਾਰਾ ਸਾਮਾਨ ਆਪਣੇ ਪੱਧਰ ਤੇ ਹੀ ਪ੍ਰਬੰਧ ਕਰੇਗਾ। ਕੈਂਪਸ ਵਲੋਂ ਕੰਟੀਨ ਦੀ ਕਿਚਨ ਨੂੰ ਚਲਾਉਣ ਵਾਲੀ ਫਰਮ ਨੂੰ ਕਿਸੇ ਵੀ ਤਰ੍ਹਾਂ ਦੀ ਸੁਵਿਧਾ ਨਹੀ ਦਿੱਤੀ ਜਾਵੇਗੀ।

5. ਫਰਮ ਵੱਲੋਂ ਕੰਟੀਨ ਵਿੱਚ ਹੇਠ ਲਿਖੀਆ ਆਈਟਮਾਂ ਮੁਹੱਇਆ ਕਰਵਾਈਆ ਜਾਣਗੀਆਂ ਅਤੇ ਇਹਨਾਂ ਆਇਟਮਾਂ ਦੀ ਰੇਟ ਲਿਸਟ ਵੀ ਕੰਟੀਨ ਵਿਖੇ ਲਗਾਈ ਜਾਵੇਗੀ।

ਕੰਟੀਨ ਮੀਨੂੰ ਚਾਹ-ਪਾਣੀ ਅਤੇ ਸਨੈਕਸ ਆਦਿ

| ਲੜੀ ਨੰ: | ਆਇਟਮ ਦਾ ਵੇਰਵਾ | ਰੇਟ |
|---|---|---|
| 1. | ਚਾਹ | |
| 2. | ਕੌਫੀ | |
| 3. | ਸਮੋਸਾ | |
| 4. | ਬਰੈਡ ਪਕੌੜਾ | |
| 5. | ਪੈਟੀਜ਼ | |
| 6. | ਚਿਪਸ | |
| 7. | ਕੋਲਡ ਡਰਿੰਕ | |
| 8. | ਬਿਸਕੁਟ | |
| 9. | ਨਮਕੀਨ | |
| 10. | ਸੈਡਵਿਚ | |
| 11. | ਬਰਗਰ | |
| 12. | ਵੈਸ਼ਨੋ ਖਾਣਾ ਥਾਲੀ (ਸਿੰਪਲ, ਮੀਡੀਅਮ, ਸਪੈਸ਼ਲ ਅਤੇ ਵੀ.ਆਈ.ਪੀ) | |

ਇਸ ਤੋਂ ਇਲਾਵਾ ਵਿਦਿਆਰਥੀ ਅਤੇ ਸਟਾਫ ਦੀ ਜਰੂਰਤ ਅਨੁਸਾਰ ਹੋਰ ਕੋਈ ਆਈਟਮ ਮੁਹੱਇਆ ਕਰਵਾਉਣ ਸਬੰਧੀ ਸਮੇਂ-ਸਮੇਂ ਤੇ ਵਿਚਾਰਿਆ ਜਾ ਸਕਦਾ ਹੈ।

6. ਕੰਟੀਨ ਦੀ ਬਿਲਡਿੰਗ ਦੀ ਕਿਚਨ ਦੀ ਸਾਂਭ-ਸੰਭਾਲ ਕੰਟੀਨ ਦੀ ਕਿਚਨ ਕੰਟਰੈਕਟਰ ਦੀ ਹੋਵੇਗੀ ਅਤੇ ਜੇਕਰ ਕੋਈ ਪ੍ਰਾਪਰਟੀ ਨੂੰ ਕਿਸੇ ਪ੍ਰਕਾਰ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਨੂੰ ਠੀਕ ਕਰਵਾਉਣ ਦੀ ਜਿੰਮੇਵਾਰੀ ਵੀ ਕੰਟਰੈਕਟਰ ਦੀ ਹੋਵੇਗੀ।

7. ਕੰਟੀਨ ਦੀ ਕਿਚਨ ਦਾ ਕੰਟਰੈਕਟ, ਡਾਇਰੈਕਟਰ ਆਈ.ਕੇ.ਜੀ.ਪੀ.ਟੀ.ਯੂ ਮੋਹਾਲੀ ਕੈਂਪਸ-1 ਨੂੰ ਰੱਦ ਕਰਨ ਜਾਂ ਸਮਾਂ ਵਧਾਉਣ ਦਾ ਅਧਿਕਾਰ ਹੋਵੇਗਾ।

8. ਕੰਟਰੈਕਟਰ ਵੱਲੋਂ ਆਪਣਾ ਪੈਨ ਨੰਬਰ, ਜੀ.ਐਸ.ਟੀ ਨੰਬਰ ਅਤੇ ਆਧਾਰ ਕਾਰਡ ਆਦਿ ਜਮ੍ਹਾ ਕਰਵਾਉਣਾ ਹੋਵੇਗਾ।

9. ਕੈਂਪਸ ਵੱਲੋਂ ਜਿਸ ਫਰਮ ਨੂੰ ਠੇਕਾ ਦਿੱਤਾ ਜਾਵੇਗਾ ਉਸ ਤੋਂ ਉਪਰੋਕਤ ਸ਼ਰਤਾ ਅਤੇ ਨਿਯਮਾਂ ਸਬੰਧੀ ਨੋਟਰੀ ਵੱਲੋਂ ਤਸਦੀਕ ਸੁਦਾ ਹਲਫੀਆ ਬਿਆਨ ਲਿਆ ਜਾਵੇਗਾ।

ਕੰਟੀਨ ਦੀ ਕਿਚਨ ਦੀਆਂ ਉਪਰੋਕਤ ਲਿਖੀਆਂ ਨਿਯਮ ਅਤੇ ਸ਼ਰਤਾ ਉਪਰ ਜੇ ਤੁਸੀ ਕੰਟੀਨ ਚਲਾਉਣਾ ਚਾਹੁੰਦੇ ਹੋ ਤਾਂ ਨਿਮਨ-ਹਸਤਾਖਰੀ ਦੇ ਪਤੇ ਤੇ Director, IKGPTU Mohali Campus-1, C-102/B Industrial Area Phase-7, Mohali ਉਪਰ ਸੀਲਡ ਕੁਟੇਸ਼ਨ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਰਜਿਸਟਰਡ ਪੋਸਟ ਜਾਂ ਨਿੱਜੀ ਤੌਰ ਤੇ (By Hand) ਭੇਜੀ ਜਾਵੇ।

09/03/2023

ਡਾਇਰੈਕਟਰ
(ਮੋਹਾਲੀ ਕੈਂਪਸ-1)